ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14.09.2006 ਅਧੀਨ ਮੈਸ: ਪੂਜਿਤ ਵਿਜ਼ਨ ਇੰਫਰਾਟੈਕ ਪ੍ਰਾਈਵੇਟ ਲਿਮਿਟਿਡ, #129, ਦੁਗਿਆਣਾਪੁਰ ਇਨਕਲੇਵ, ਪਿੰਡ ਬਾਵੇ, ਜ਼ਿਲ੍ਹਾ ਲੁਧਿਆਣਾ ਵੱਲੋਂ ਪਿੰਡ ਚੰਗਾਲੀ ਕਦੀਮ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੀ ਰੈਵੀਨਿਊ ਅਸਟੇਟ ਅਧੀਨ ਪੈਂਦੀ ਮਲਕੀਅਤੀ ਵਾਲੀ ਜ਼ਮੀਨ ਵਿੱਚੋਂ ਰੇਤ ਦੀ ਮਾਈਨਿੰਗ ਕਰਨ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜ਼ੀ ਦੇ ਸਬੰਧ ਵਿਚ ਜਨਤਕ ਸੁਣਵਾਈ ਮਿਤੀ 22.09.2021 ਦੀ ਕਾਰਵਾਈ।

ਇਸ ਸੁਣਵਾਈ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ-

1) ਸ੍ਰੀ ਸੁਖਪ੍ਰੀਤ ਸਿੰਘ ਸਿੱਧੂ,
ਵਧੀਕ ਡਿਪਟੀ ਕਮਿਸ਼ਨਰ (ਜ),
ਫਿਰੋਜ਼ਪੁਰ
2) ਇੰਜ: ਗੁਰਮੀਤ ਸਿੰਘ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ, ਬਠਿੰਡਾ।
3) ਇੰਜ: ਅਨੀਸ਼ ਸ਼ਰਮਾ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ, ਫਰੀਦਕੋਟ।

ਜਨਤਕ ਸੁਣਵਾਈ ਦੌਰਾਨ, ਸਭ ਤੋਂ ਪਹਿਲਾਂ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਫਰੀਦਕੋਟ ਨੇ ਸੁਣਵਾਈ ਦੇ ਪ੍ਰਧਾਨ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜ਼ਰ ਹੋਈ ਜਨਤਾ ਦਾ ਸਵਾਗਤ ਕੀਤਾ। ਉਹਨਾਂ ਨੇ ਦੱਸਿਆ ਕਿ ਮੈਸ: ਪੂਜਿਤ ਵਿਜ਼ਨ ਇੰਫਰਾਟੈਕ ਪ੍ਰਾਈਵੇਟ ਲਿਮਿਟਿਡ, #129, ਦੁਗਿਆਣਾਪੁਰ ਇਨਕਲੇਵ, ਪਿੰਡ ਬਾਵੇ, ਜ਼ਿਲ੍ਹਾ ਲੁਧਿਆਣਾ ਵੱਲੋਂ, 6.97 ਹੈਕਟੇਅਰ ਮਲਕੀਅਤੀ ਵਾਲੀ ਜ਼ਮੀਨ ਦਾ ਰਕਬਾ ਪਿੰਡ ਚੰਗਾਲੀ ਕਦੀਮ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਵਿੱਚੋਂ 53449.78 ਟੀ.ਪੀ.ਏ ਰੇਤ ਦੀ ਮਾਈਨਿੰਗ ਕਰਨ ਦੀ ਤਜਵੀਜ਼ ਹੈ। ਕੰਪਨੀ ਦੀ ਅਰਜ਼ੀ ਵਿਚਾਰਣ ਉਪਰੰਤ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਨਿਰਧਾਰਿਤ ਤੈਅ ਵਿਧੀ ਮੁਤਾਬਿਕ ਸਟੇਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੇ ਡਰਾਫਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ (ਈ.ਆਈ.ਏ.) ਸਬੰਧੀ ਰਿਪੋਰਟ ਤਿਆਰ ਕਰਨ ਲਈ ਕੰਪਨੀ ਨੂੰ ਟਰਮਜ਼ ਆਫ ਰੈਫਰੈਂਸ ਜਾਰੀ ਕੀਤੇ ਸਨ। ਹੁਣ, ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14.09.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮ੍ਹਾਂ ਕਰਵਾਈ ਗਈ ਹੈ। ਉਹਨਾਂ ਨੇ ਹਾਜ਼ਰ ਜਨਤਾ ਨੂੰ ਕੰਪਨੀ ਵੱਲੋਂ ਉਪਰੋਕਤ ਮਾਈਨਿੰਗ ਕਰਨ ਲਈ ਕਲੀਅਰੈਂਸ ਲੈਣ ਵਾਸਤੇ ਜਮ੍ਹਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋਂ ਪਹਿਲਾਂ ਲੋਕ ਸੁਣਵਾਈ ਕਰਨ ਦੀ ਜ਼ਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ। ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ (ਪੰਜਾਬੀ ਅਤੇ ਅੰਗਰੇਜ਼ੀ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਗਏ ਹਨ, ਜਿਹਨਾਂ ਦੀ ਇੱਕ-ਇੱਕ ਕਾਪੀ ਦਫ਼ਤਰ ਡਿਪਟੀ ਕਮਿਸ਼ਨਰ, ਫਿਰੋਜ਼ਪੁਰ, ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ, ਫਿਰੋਜ਼ਪੁਰ, ਜਨਰਲ ਮੈਨੇਜਰ, ਜ਼ਿਲ੍ਹਾ

Scanned with CamScanner

ਇੰਡਸਟਰੀਅਲ ਸੈਂਟਰ, ਫਿਰੋਜ਼ਪੁਰ, ਕਾਰਜਕਾਰੀ ਇੰਜੀਨੀਅਰ-ਕਮ-ਜਿਲਾ ਮਾਈਨਿੰਗ ਅਫਸਰ, ਫਿਰੋਜ਼ਪੁਰ, ਰਿਜਨਲ ਦਫਤਰ, ਐਮ.ਓ.ਈ.ਐਫ., ਚੰਡੀਗੜ੍ਹ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਰੀਦਕੋਟ ਦੇ ਦਫਤਰਾਂ ਵਿੱਚ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬਸਾਈਟ ਉਪਰ ਵੀ ਅਪਲੋਡ ਵੀ ਕੀਤੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਸ ਤੱਕ ਪਹੁੰਚ ਕਰਨ ਸਕਣ। ਉਹਨਾਂ ਅੱਗੇ ਦੱਸਿਆ ਕਿ ਇਸ ਜਨਤਕ ਸੁਣਵਾਈ ਦਾ ਪਬਲਿਕ ਨੋਟਿਸ ਦੋ ਅਖਬਾਰਾਂ "ਦੀ ਹਿੰਦੁਸਤਾਨ ਟਾਈਮਜ (ਅੰਗਰੇਜੀ)" ਅਤੇ "ਰੋਜਾਨਾ ਸਪੋਕਸਮੈਨ (ਪੰਜਾਬੀ)" ਵਿੱਚ ਮਿਤੀ 20/08/2021 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਸੁਣਵਾਈ ਦੀ ਜਗ੍ਹਾ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ ਅਤੇ ਨਾਲ ਹੀ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਸਾਰ ਕਿਹੜੇ-ਕਿਹੜੇ ਦਫਤਰਾਂ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ ਸਬੰਧੀ ਜਾਣਕਾਰੀ ਮਿਲ ਸਕੇ। ਇਹ ਵੀ ਸੂਚਿਤ ਕਰ ਦਿੱਤਾ ਗਿਆ ਸੀ ਕਿ ਪ੍ਰਸਤਾਵਿਤ ਪ੍ਰੋਜੈਕਟ ਤੇ ਸੁਝਾਅ, ਵਿਚਾਰ, ਟਿੱਪਣੀਆਂ ਅਤੇ ਇਤਰਾਜ਼ ਜੇਕਰ ਹੋਣ ਤਾਂ ਲਿਖਿਤ/ਈਮੇਲ/ਨਿੱਜੀ ਤੋਰ ਰਾਹੀਂ, ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਪਾਸ ਨੋਟਿਸ ਦੀ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-ਅੰਦਰ ਦਿੱਤੇ ਜਾ ਸਕਦੇ ਸਨ। ਇਸ ਉਪਰੰਤ ਉਹਨਾਂ ਕੰਪਨੀ ਦੇ ਵਾਤਾਵਰਣ ਸਲਾਹਕਾਰ ਨੂੰ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਜਨਤਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ ਲਈ ਕਿਹਾ ਗਿਆ।

ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਤਜਵੀਜਤ ਮਾਈਨਿੰਗ ਪ੍ਰੋਜੈਕਟ ਪਿੰਡ ਚੰਗਾਲੀ ਕਦੀਮ, ਤਹਿਸੀਲ ਅਤੇ ਜਿਲ੍ਹਾ ਫਿਰੋਜ਼ਪੁਰ ਦੀ ਰੈਵੀਨਿਊ ਐਸਟੇਟ ਵਿੱਚ ਪੈਂਦਾ ਹੈ ਅਤੇ ਇਸ ਨੂੰ 6.97 ਹੈਕਟੇਅਰ ਏਰੀਏ ਵਿੱਚ 53449.78 ਟੀ.ਪੀ.ਏ ਦੇ ਹਿਸਾਬ ਨਾਲ ਰੇਤ ਦੀ ਮਾਈਨਿੰਗ ਕਰਨ ਦੀ ਆਗਿਆ ਮਿਲੀ ਹੋਈ ਹੈ। ਪ੍ਰੋਜੈਕਟ ਦੀ ਅਨੁਮਾਨਤ ਲਾਗਤ 138.97 ਲੱਖ ਰੁਪਏ ਹੈ। ਮਾਈਨ ਅਤੇ ਜਿਉਲੋਜੀ ਵਿਭਾਗ, ਪੰਜਾਬ ਨੇ 3 ਸਾਲਾਂ ਲਈ ਰੇਤ ਦੀ ਮਾਈਨਿੰਗ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ। ਮਾਈਨਿੰਗ ਸਾਈਟ ਦਾ ਸਭ ਤੋਂ ਨੇੜਲਾ ਸ਼ਹਿਰ ਮੱਲਾਂਵਾਲਾ ਖਾਸ ਹੈ। ਜਿਸ ਵਿੱਚ ਕਈ ਹਸਪਤਾਲ, ਵਿਦਿਅਕ ਅਦਾਰੇ ਅਤੇ ਰੇਲਵੇ ਸਟੇਸ਼ਨ ਪੈਂਦੇ ਹਨ। ਤਜਵੀਜਤ ਪ੍ਰੋਜੈਕਟ ਦੀ ਈ.ਆਈ.ਏ ਸਟੱਡੀ ਮਾਈਨਿੰਗ ਲੀਜ਼ ਦੇ ਖੇਤਰ ਦੇ ਦੁਆਲੇ 10 ਕਿਲੋਮੀਟਰ ਦੀ ਰੇਡੀਅਲ ਦੂਰੀ ਵਾਲੇ ਖੇਤਰ ਵਿੱਚ ਅਕਤੂਬਰ 2020 ਅਤੇ ਦਸੰਬਰ 2021 ਦੋਰਾਨ ਸਰਦੀਆਂ ਦੇ ਮੌਸਮ ਵਿੱਚ ਕੀਤੀ ਗਈ ਸੀ। ਪ੍ਰੋਜੈਕਟ ਸਾਈਟ 'ਤੇ ਲਗਭਗ 10,500 ਲੀਟਰ ਪ੍ਰਤੀਦਿਨ ਪਾਣੀ ਦੀ ਵਰਤੋਂ ਕੀਤੀ ਜਾਏਗੀ (ਜੋ ਕਿ ਧੂੜ ਨੂੰ ਦਬਾਉਣ, ਪੀਣ ਅਤੇ ਪੌਦੇ ਲਗਾਉਣ ਲਈ ਵਰਤੀ ਜਾਵੇਗੀ)। ਪ੍ਰੋਜੈਕਟ ਵਿੱਚ ਕੁੱਲ 25 ਵਿਅਕਤੀ ਕੰਮ ਕਰਨਗੇ ਅਤੇ ਰੇਤ ਦੀ ਮਾਈਨਿੰਗ ਦਾ ਕੰਮ ਬੈਂਕ ਤੋਂ ਸੁਰੱਖਿਆ ਖੇਤਰ ਨੂੰ ਛੱਡ ਕੇ ਕੀਤਾ ਜਾਵੇਗਾ ਅਤੇ ਇਸ ਦੀ ਵੱਧ ਤੋਂ ਵੱਧ ਡੂੰਘਾਈ ਧਰਤੀ ਹੇਠਲੇ ਪਾਣੀ ਦੇ ਪੱਧਰ ਤੋਂ ਉੱਪਰ ਰਹੇਗੀ। ਪ੍ਰੋਜੈਕਟ ਦੇ ਚੱਲਣ ਨਾਲ ਸਿਹਤ ਉਪਰ ਪ੍ਰਭਾਵਾਂ ਨੂੰ ਘਟਾਉਣ ਲਈ ਪ੍ਰਭਾਵਿਤ ਖੇਤਰਾਂ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਕੋਈ ਵੀ ਜੰਗਲੀ ਜੀਵਨ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਮੌਨਸੂਨ ਸੀਜ਼ਨ ਦੇ ਸ਼ੁਰੂ ਵਿੱਚ ਰੇਤ ਦੀ ਖਾਣ ਦੇ ਬੰਦ ਹੋਣ ਦੌਰਾਨ ਬਹਾਲੀ ਯੋਜਨਾ ਨੂੰ ਅਪਣਾਇਆ ਜਾਵੇਗਾ। ਕੁਦਰਤੀ ਆਫ਼ਤਾਂ ਦੇ ਪ੍ਰਭਾਵਾਂ ਤੋਂ ਬਚਣ ਲਈ ਸਮੇਂ ਸਿਰ ਸਾਵਧਾਨੀ ਅਤੇ ਉਪਾਅ ਕਰਨ ਲਈ ਆਫ਼ਤ ਪ੍ਰਬੰਧਨ ਯੋਜਨਾ ਨੂੰ ਵੀ ਅਪਣਾਇਆ ਜਾਵੇਗਾ। ਧੂੜ ਨੂੰ ਕੰਟਰੋਲ ਕਰਨ ਲਈ ਲੋਡਿੰਗ ਪੁਆਇੰਟ / ਸੜਕਾਂ 'ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ ਅਤੇ ਰੇਤ ਲਿਜਾਣ ਵਾਲੇ ਟਰੱਕਾਂ ਨੂੰ ਤਰਪਾਲਾਂ ਨਾਲ ਢੱਕਿਆ ਜਾਵੇਗਾ। ਵਾਹਨਾਂ ਦੀ ਓਵਰਲੋਡਿੰਗ ਨਹੀਂ ਕੀਤੀ ਜਾਵੇਗੀ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸਾਰੇ ਵਾਹਨਾਂ ਵਿੱਚ ਪ੍ਰਦੂਸ਼ਣ ਨਿਯੰਤ੍ਰਣ ਸਬੰਧੀ ਸਰਟੀਫਿਕੇਟ ਹੋਵੇਗਾ। ਵਾਹਨਾਂ ਦੀ ਲੋਡਿੰਗ ਅਤੇ ਆਵਾਜਾਈ ਦੇ ਦੌਰਾਨ ਪੈਦਾ ਹੋਣ ਵਾਲੀ ਧੂੜ ਦੀ ਸਮੱਸਿਆ ਨੂੰ ਘਟਾਉਣ ਲਈ ਮਾਈਨਿੰਗ ਸਾਈਟ ਅਤੇ ਇਸਦੇ ਨਾਲ ਲੱਗਦੇ ਖੇਤਰ ਵਿੱਚ ਪੌਦੇ ਲਗਾਏ ਜਾਣਗੇ। ਇਸ ਪ੍ਰੋਜੈਕਟ ਤੋਂ ਕਿਸੇ ਵੀ ਤਰ੍ਹਾਂ ਦਾ ਗੰਦਾ ਪਾਣੀ ਨਹੀਂ ਨਿਕਲੇਗਾ ਸਿਰਫ ਦਫਤਰ ਦੇ ਪਖਾਨਿਆਂ ਤੋਂ ਨਿਕਲੇ ਗੰਦੇ ਪਾਣੇ ਦੀ ਸੋਧ ਲਈ ਸੈਪਟਿਕ ਟੈਂਕ ਲਗਾਇਆ ਜਾਵੇਗਾ। ਮਾਈਨਿੰਗ ਗਤੀਵਿਧੀਆਂ ਸਮੇਂ ਕਿਸੇ

ਦੀ ਤਰ੍ਹਾਂ ਦੀ ਡ੍ਰਿਲਿੰਗ ਅਤੇ ਬਲਾਸਟਿੰਗ ਨਹੀਂ ਕੀਤੀ ਜਾਵੇਗੀ । ਵਾਹਨਾਂ ਤੋਂ ਹੋਣ ਵਾਲੇ ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਸਮੇਂ-ਸਮੇਂ ਸਿਰ ਵਾਹਨਾਂ ਦੀ ਲੁਬਰੀਕੇਸ਼ਨ/ਗ੍ਰੀਸਿੰਗ ਕੀਤੀ ਜਾਵੇਗੀ । ਪ੍ਰੋਜੈਕਟ ਦੇ ਚੱਲਣ ਦੌਰਾਨ ਹਵਾ ਦੀ ਗੁਣਵੱਤਾ, ਪਾਣੀ ਦੀ ਗੁਣਵੱਤਾ ਅਤੇ ਮਿੱਟੀ ਦੀ ਗੁਣਵੱਤਾ ਦੀ ਜਾਂਚ ਕਰਵਾਈ ਜਾਵੇਗੀ ।

ਬਾਅਦ ਵਿੱਚ, ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਫਰੀਦਕੋਟ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.09.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰੋਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋਂ ਪ੍ਰੋਜੈਕਟ ਸਬੰਧੀ ਮੰਗੀ ਗਈ ਜਾਣਕਾਰੀ ਅਤੇ ਇਸ ਦੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ / ਸਪੱਸ਼ਟੀਕਰਣ ਜਾਂ ਇਤਰਾਜ਼ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਕੋਈ ਵੀ ਟਿੱਪਣੀ, ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋਂ ਬੋਰਡ ਨੂੰ ਨਹੀਂ ਪ੍ਰਾਪਤ ਹੋਈ ਹੈ । ਸੁਣਵਾਈ ਦੇ ਸਥਾਨ ਤੇ ਮੌਜੂਦ ਲੋਕਾਂ ਦੁਆਰਾ ਕੋਈ ਜਾਣਕਾਰੀ / ਸਪਸ਼ਟੀਕਰਨ ਨਹੀਂ ਮੰਗਿਆ ਗਿਆ ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਫਰੀਦਕੋਟ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਪ੍ਰੋਜੈਕਟ ਬਾਰੇ ਕੋਈ ਹੋਰ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਜਾਂ ਇਤਰਾਜ ਪ੍ਰਗਟ ਕਰਨ ਚਾਹੁੰਦਾ ਹੈ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀਂ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋਂ ਪਿੱਛੋਂ ਸਹਾਇਕ ਵਾਤਾਵਰਣ ਇੰਜੀਨੀਅਰ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰੋਜੈਕਟ ਦੇ ਲੱਗਣ ਦਾ ਸਮਰਥਨ ਕਰਦੇ ਹਨ, ਇਸ ਦੇ ਹੁੰਗਾਰੇ ਵਜੋਂ ਮੌਜੂਦ ਲੋਕਾਂ ਵਿੱਚੋਂ ਸਾਰੇ ਵਿਅਕਤੀਆਂ ਵੱਲੋਂ ਹੱਥ ਖੜੇ ਕੀਤੇ ਗਏ। ਇਸ ਤੋ ਬਾਅਦ ਉਹਨਾਂ ਕਿਹਾ ਗਿਆ ਕਿ ਜੋ ਵੀ ਇਸ ਪ੍ਰੋਜੈਕਟ ਦੇ ਲੱਗਣ ਦੇ ਹੱਕ ਵਿੱਚ ਨਹੀ ਹਨ ਉਹ ਵੀ ਹੱਥ ਖੜੇ ਕਰਨ, ਇਸ ਦੇ ਹੁੰਗਾਰੇ ਵਜੋਂ ਮੌਜੂਦ ਲੋਕਾਂ ਵਿੱਚੋਂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਾ ਕਰਕੇ ਪ੍ਰੋਜੈਕਟ ਦਾ ਵਿਰੋਧ ਨਹੀਂ ਕੀਤਾ । ਇਸ ਜਨਤਕ ਸੁਣਵਾਈ ਦੀ ਵੀਡਿਓਗ੍ਰਾਫੀ ਅਤੇ ਫੋਟੋਗ੍ਰਾਫੀ ਕੀਤੀ ਗਈ ਅਤੇ ਸੁਣਵਾਈ ਵਿੱਚ 61 ਵਿਅਕਤੀਆਂ ਨੇ ਹਿੱਸਾ ਲਿਆ ।

ਜਨਤਕ ਸੁਣਵਾਈ ਦੇ ਚੇਅਰਮੈਨ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

(ਇੰਜ: ਅਨੀਸ਼ ਸ਼ਰਮਾ,)
ਸਹਾਇਕ ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ, ਖੇਤਰੀ ਦਫਤਰ,
ਫਰੀਦਕੋਟ

(ਇੰਜ: ਗੁਰਮੀਤ ਸਿੰਘ,)
ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ, ਖੇਤਰੀ ਦਫਤਰ,
ਬਠਿੰਡਾ।

(ਸ੍ਰੀ ਸੁਖਪ੍ਰੀਤ ਸਿੰਘ ਸਿੱਧੂ)
ਵਧੀਕ ਡਿਪਟੀ ਕਮਿਸ਼ਨਰ (ਜ),
ਫਿਰੋਜ਼ਪੁਰ



Scanned with CamScanner